# ਪੁਰਾਤਨ ਜਨਮਸਾਖੀ

ਪੁਰਾਤਨ ਜਨਮਸਾਖੀ ਦੇ ਹੋਰ ਨਾਮ :

1. ਵਲਾਇਤ ਵਾਲੀ ਜਨਮਸਾਖੀ
2. ਹਾਫ਼ਜ਼ਾਬਾਦ ਵਾਲੀ ਜਨਮਸਾਖੀ
3. ਮੈਕਾਲਿਫ਼ ਵਾਲੀ ਜਨਮਸਾਖੀ
4. ਕਾਲਬ੍ਰਕ ਵਾਲੀ ਜਨਮਸਾਖੀ

**ਪੁਰਾਤਨ ਜਨਮਸਾਖੀ** ਭਾਈ ਵੀਰ ਸਿੰਘ ਨੇ 1926 ਈ. ਵਿਚ ਸੰਪਾਦਿਤ ਕਰਕੇ ਪ੍ਰਕਾਸ਼ਿਤ ਕਰਵਾਈ। ਉਨ੍ਹਾਂ ਨੇ ਹੀ ਇਸਦਾ ਨਾਮ **ਪੁਰਾਤਨ ਜਨਮਸਾਖੀ** ਰੱਖਿਆ, ਕਿਉਂਕਿ ਉਸਦਾ ਕਹਿਣਾ ਸੀ ਕਿ ਇਹ ਜਨਮਸਾਖੀ ਬਾਕੀ ਦੀਆਂ ਸਾਰੀਆਂ ਜਨਮਸਾਖੀਆਂ ਨਾਲੋਂ ਪੁਰਾਣੀ ਹੈ। ਇਸ ਵਿਚ 57 ਸਾਖੀਆਂ ਹਨ।

**ਪੁਰਾਤਨ ਜਨਮਸਾਖੀ** ਵਿਚ ਸਾਖੀਕਾਰ ਨੇ ਗੁਰੂ ਨਾਨਕ ਦੇਵ ਜੀ ਦੇ ਜਨਮ, ਬਚਪਨ, ਵਿੱਦਿਆ, ਵਿਆਹ, ਔਲਾਦ, ਨੌਕਰੀ, ਉਦਾਸੀਆਂ, ਕਰਤਾਰਪੁਰ ਵਸਾਉਣ ਅਤੇ ਗੁਰੂ ਅੰਗਦ ਦੇਵ ਜੀ ਨੂੰ ਗੁਰਗੱਦੀ ਸੌਂਪਣ ਤੱਕ ਦੀਆਂ ਘਟਨਾਵਾਂ ਨੂੰ ਸਾਖੀ ਅਤੇ ਗੋਸ਼ਟਿ ਰੂਪ ਵਿਚ ਪੇਸ਼ ਕੀਤਾ ਹੈ।

ਇਸ ਵਿਚ ਗੁਰੂ ਨਾਨਕ ਦੇਵ ਜੀ ਦਾ ਜਨਮ ਵੈਸਾਖ ਸੁਦੀ ਤੀਜ 1526 ਬਿਕ੍ਰਮੀ ਸੰਮਤ ਨੂੰ ਰਾਇ ਭੋਇ ਕੀ ਤਲਵੰਡੀ (ਅੱਜ ਕੱਲ੍ਹ ਨਨਕਾਣਾ ਸਾਹਿਬ) ਵਿਖੇ ਪਿਤਾ ਕਾਲੂ ਅਤੇ ਮਾਤਾ ਤ੍ਰਿਪਤਾ ਦੀ ਕੁੱਖੋਂ ਹੋਇਆ।

(ਸਾਖੀ ਪਹਿਲੀ)

ਉਨ੍ਹਾਂ ਦੀ ਵਿੱਦਿਆ ਬਾਰੇ ਦੱਸਦੇ ਹੋਏ ਸਾਖੀਕਾਰ ਨੇ ਉਨ੍ਹਾਂ ਦੇ ਪਿਤਾ ਵੱਲੋਂ ਉਨ੍ਹਾਂ ਨੂੰ ਸੱਤ ਸਾਲ ਦੀ ਉਮਰ ਵਿਚ ਪਾਂਧੇ ਪਾਸ ਪੜ੍ਹਨ ਭੇਜਣ ਬਾਰੇ ਸਾਖੀ ਪੇਸ਼ ਕੀਤੀ ਹੈ। ਇਸ ਸਾਖੀ ਵਿਚਲੀ ਯਥਾਰਥਕਤਾ ਨੂੰ ਉਘਾੜਨ ਲਈ ਉਸਨੇ ਬਾਣੀ ਦੀਆਂ ਤੁਕਾਂ ਦਾ ਸਹਾਰਾ ਵੀ ਲਿਆ ਹੈ।

ਬਾਰਾਂ ਸਾਲ ਦੀ ਉਮਰ ਵਿਚ ਗੁਰੂ ਨਾਨਕ ਦੇਵ ਜੀ ਦੀ ਸ਼ਾਦੀ ਮਾਤਾ ਸੁਲੱਖਣੀ ਜੀ ਨਾਲ ਕਰ ਦਿੱਤੀ ਗਈ। ਉਨ੍ਹਾਂ ਦੇ ਘਰ ਦੋ ਪੁੱਤਰਾਂ ਬਾਬਾ ਸ੍ਰੀ ਚੰਦ ਅਤੇ ਬਾਬਾ ਲਖਮੀਦਾਸ ਨੇ ਜਨਮ ਲਿਆ।

(ਸਾਖੀ ਤੀਜੀ)

ਇਸ ਤੋਂ ਅੱਗੇ ਗੁਰੂ ਨਾਨਕ ਦੇਵ ਜੀ ਦੁਆਰਾ ਮੱਝਾਂ ਚਾਰਨ, ਸੱਚੇ ਸੌਦੇ ਦੀ ਘਟਨਾ, ਸੱਪ ਦੀ ਛਾਂ ਕਰਨ ਵਾਲੀ ਸਾਖੀ, ਸੁਲਤਾਨਪੁਰ ਵਿਚ ਦੌਲਤ ਖਾਂ ਦੇ ਮੋਦੀਖ਼ਾਨੇ ਵਿਚ ਨੌਕਰੀ ਕਰਨ ਆਦਿ ਸਾਖੀਆਂ ਨੂੰ ਪੇਸ਼ ਕੀਤਾ ਗਿਆ ਹੈ।

**ਪੁਰਾਤਨ ਜਨਮਸਾਖੀ** ਦੇ ਸਾਖੀਕਾਰ ਨੇ ਗੁਰੂ ਨਾਨਕ ਦੇਵ ਜੀ ਦੀਆਂ ਪੰਜ ਯਾਤਰਾਵਾਂ (ਉਦਾਸੀਆਂ) ਦਾ ਵਰਣਨ ਕੀਤਾ ਹੈ। ਇਨ੍ਹਾਂ ਉਦਾਸੀਆਂ ਵਿਚ ਬਾਬਾ ਨਾਨਕ ਜੀ ਨੇ ਵੱਖ–ਵੱਖ  ਥਾਵਾਂ `ਤੇ ਜਾ ਕੇ ਲੋਕਾਂ ਨੂੰ ਉਪਦੇਸ਼ ਦਿੱਤਾ ਅਤੇ ਭੁੱਲੇ ਭਟਕੇ ਲੋਕਾਂ ਨੂੰ ਸਿੱਧੇ ਰਾਹ ਤੋਰਿਆ। ਇਨ੍ਹਾਂ ਉਦਾਸੀਆਂ ਵਿਚ ਭਾਈ ਮਰਦਾਨਾ ਗੁਰੂ ਨਾਨਕ ਦੇਵ ਜੀ ਦੇ ਨਾਲ ਰਹੇ।

# ਪੁਰਾਤਨ ਜਨਮਸਾਖੀ : ਸਾਹਿਤਿਕ ਮਹੱਤਤਾ

**ਪੁਰਾਤਨ ਜਨਮਸਾਖੀ** ਸਭਿਆਚਾਰਕ ਇਤਿਹਾਸਿਕ ਅਤੇ ਸਾਹਿਤਿਕ ਦੋਹਾਂ ਪੱਖਾਂ ਤੋਂ ਮਹੱਤਵਪੂਰਨ ਹੈ। ਜਿਸ ਵਿਚੋਂ ਮੱਧਕਾਲੀ ਸਮਾਜ-ਸਭਿਆਚਾਰਕ ਜੀਵਨ ਦੀ ਝਲਕ ਉਭਰਦੀ ਹੈ। ਇਸ ਦੇ ਨਾਲ ਹੀ ਉਸ ਸਮੇਂ ਦੀਆਂ ਧਾਰਮਿਕ, ਰਾਜਨੀਤਿਕ, ਸਾਹਿਤਿਕ, ਆਰਥਿਕ ਅਤੇ ਸਮਾਜਿਕ ਹਾਲਤਾਂ ਦਾ ਵਰਣਨ ਵੀ ਮਿਲਦਾ ਹੈ।

**ਪੁਰਾਤਨ ਜਨਮਸਾਖੀ** ਦੀ ਸਾਹਿਤਿਕ ਪੱਖੋਂ ਮਹੱਤਤਾ ਨੂੰ ਅੱਖੋਂ ਓਹਲੇ ਨਹੀਂ ਕੀਤਾ ਜਾ ਸਕਦਾ। ਇਸ ਵਿਚਲੇ ਕਲਾਤਮਿਕ ਗੁਣ ਇਸਦੀ ਭਾਸ਼ਾ, ਵਾਕ ਰਚਨਾ, ਪੈਰ੍ਹਾ ਰਚਨਾ, ਸ਼ਬਦਾਵਲੀ, ਛੰਦ, ਅਲੰਕਾਰ, ਦ੍ਰਿਸ਼ਟਾਂਤ ਆਦਿ ਦੇ ਪੱਖਾਂ ਤੋਂ ਵੇਖਣ ਨੂੰ ਮਿਲਦੇ ਹਨ।

ਇਸ ਵਿਚ ਠੇਠ ਪੰਜਾਬੀ ਸ਼ਬਦਾਵਲੀ ਦੀ ਵਰਤੋਂ ਵੀ ਵੇਖਣ ਨੂੰ ਮਿਲਦੀ ਹੈ। ਇਸ ਵਿਚਲੀ ਭਾਸ਼ਾ ਉੱਪਰ ਲਹਿੰਦੀ ਪੰਜਾਬੀ ਦਾ ਵੀ ਪ੍ਰਭਾਵ ਹੈ, ਜਿਸ ਨੂੰ ਸਾਧੂਕੜੀ ਭਾਸ਼ਾ ਦਾ ਨਾਮ ਦਿੱਤਾ ਜਾ ਸਕਦਾ ਹੈ।

ਇਸ ਜਨਮਸਾਖੀ ਦੀ ਵਾਕ ਰਚਨਾ ਵੀ ਸਰਲ ਸਾਦੀ ਹੈ। ਸਰਲ ਅਤੇ ਸਿੱਧੇ ਸਿੱਧੇ ਵਾਕ ਹਨ, ਜਿਨ੍ਹਾਂ ਵਿਚ ਮੁਹਾਵਰਿਆਂ ਅਤੇ ਅਖਾਣਾਂ ਦੀ ਵਰਤੋਂ ਵੀ ਕੀਤੀ ਗਈ ਹੈ। ਇੱਕ ਪੈਰ੍ਹੇ ਵਿਚ ਗੱਲ ਸ਼ੁਰੂ ਕਰਕੇ ਮੁਕੰਮਲ ਕੀਤੀ ਗਈ ਹੈ, ਕਈ ਵਾਰ ਉਸ ਵਿਚਾਰ ਵਿਚਲੇ ਵਿਸਥਾਰ ਕਾਰਨ ਇੱਕ ਵਿਚਾਰ ਕਈ ਕਈ ਪੈਰ੍ਹਿਆਂ ਤੱਕ ਪਸਰਿਆ ਹੈ।

ਜਨਮਸਾਖੀ ਵਿਚਲੀ ਵਿਆਕਰਨ ਵਰਣ, ਸ਼ਬਦ ਅਤੇ ਵਾਕ-ਬੋਧ ਤਿੰਨ੍ਹਾਂ ਪੱਧਰਾਂ ਉੱਪਰ ਪੇਸ਼ ਹੁੰਦੀ ਹੈ। ਇਸ ਵਿਚੋਂ ਅੱਠ ਕਾਰਕ ਉਭਰਦੇ ਹਨ- ਕਰਤਾ ਕਾਰਕ, ਕਰਮ ਕਾਰਕ, ਕਰਣ ਕਾਰਕ, ਸੰਪਰਦਾਨ ਕਾਰਕ, ਅਪਾਦਾਨ ਕਾਰਕ, ਸੰਬੰਧ ਕਾਰਕ, ਅਧਿਕਰਣ ਕਾਰਕ ਅਤੇ ਸੰਬੋਧਨ ਕਾਰਕ। ਜਿਵੇਂ:

**ਸੰਬੋਧਨ ਕਾਰਕ**

ਪਾਂਧੇ ਕਹਿਆ 'ਨਾਨਕ ਤੂੰ ਪੜ੍ਹ।'

(ਸਾਖੀ ੨)

**ਸੰਬੰਧ ਕਾਰਕ**

ਧਨ ਪਿਰਹਿ ਮੇਲਾ ਹੋਇ ਸੁਆਮੀ
ਆਪਿ ਪ੍ਰਭੁ ਕਿਰਪਾ ਕਰੇ।

(ਆਸਾ ਮਹਲਾ ੧ . ਛੰਤ)

ਛੰਦ ਸ਼ਾਸਤਰ ਦੇ ਪੱਖੋਂ ਵੀ **ਪੁਰਾਤਨ ਜਨਮਸਾਖੀ** ਮਹੱਤਵ ਦੀ ਧਾਰਨੀ ਹੈ। ਗੁਰੂ ਨਾਨਕ ਦੇਵ ਜੀ ਪੰਜਾਬੀ, ਬ੍ਰਜ ਭਾਸ਼ਾ, ਸੰਸਕ੍ਰਿਤ, ਉਰਦੂ, ਫ਼ਾਰਸੀ, ਅਰਬੀ ਆਦਿ ਬੋਲੀਆਂ ਦੇ ਗਿਆਤਾ ਸਨ। ਉਨ੍ਹਾਂ ਨੂੰ ਬਹੁਤ ਸਾਰਾ ਦਾਰਸ਼ਨਿਕ ਅਤੇ ਬੌਧਿਕ ਗਿਆਨ ਵੀ ਹਾਸਿਲ ਸੀ। ਉਨ੍ਹਾਂ ਦੀ ਬਾਣੀ ਵਿਚ ਭਾਰਤੀ ਪਰੰਪਰਾ ਅਨੁਸਾਰ ਮਾਤ੍ਰਿਕ, ਵਰਣਿਕ ਅਤੇ ਗਣਿਕ ਤਿੰਨ੍ਹਾਂ ਤਰ੍ਹਾ ਦੇ ਛੰਦਾਂ ਦੀ ਵਰਤੋਂ ਮਿਲਦੀ ਹੈ। **ਪੁਰਾਤਨ ਜਨਮਸਾਖੀ** ਦੇ ਕਰਤਾ ਨੇ ਅਨੁਪ੍ਰਾਸ, ਦ੍ਰਿਸ਼ਟਾਂਤ, ਉਪਮਾ, ਰੂਪਕ ਆਦਿ ਅਲੰਕਾਰਾਂ ਦੀ ਵਰਤੋਂ ਵੀ ਕੀਤੀ ਹੈ। ਜਿਨ੍ਹਾਂ ਨਾਲ ਰਚਨਾ ਦੀ ਭਾਸ਼ਾ ਨੂੰ ਸ਼ਿੰਗਾਰਿਆ ਗਿਆ ਹੈ।

**ਪੁਰਾਤਨ ਜਨਮਸਾਖੀ** ਵਿਚ ਸਾਖੀਕਾਰ ਨੇ ਸਾਖੀ ਪੇਸ਼ ਕਰਨ ਦੇ ਮਾਧਿਅਮ ਰਾਹੀਂ ਗੁਰੂ ਨਾਨਕ ਦੇਵ ਜੀ ਦੇ ਜੀਵਨ ਅਤੇ ਸਿੱਧਾਂਤਾਂ ਦੀ ਇੱਕ ਤਰ੍ਹਾ ਨਾਲ ਵਿਆਖਿਆ ਪੇਸ਼ ਕਰਨ ਦੀ ਕੋਸ਼ਿਸ਼ ਕੀਤੀ ਹੈ। ਇਸ ਤੋਂ ਇਹ ਸਪੱਸ਼ਟ ਹੁੰਦਾ ਹੈ ਕਿ ਇਹ ਉਦੇਸ਼ਮੂਲਕ ਰਚਨਾ ਹੈ।

ਇਸ ਦੇ ਨਾਲ ਨਾਲ ਲੇਖਕ ਨੇ ਸ਼ਬਦਾਂ ਦੀ ਮਦਦ ਰਾਹੀਂ ਚਿੱਤਰ ਉਸਾਰਨ ਦਾ ਯਤਨ ਕੀਤਾ ਹੈ। **ਪੁਰਾਤਨ ਜਨਮਸਾਖੀ** ਵਿਚਲੀਆਂ ਸਾਖੀਆਂ ਪੜ੍ਹਦੇ ਸਮੇਂ ਉਸ ਸਮੇਂ ਦਾ ਬਿੰਬ ਅੱਖਾਂ ਸਾਹਮਣੇ ਸਾਕਾਰ ਹੋ ਜਾਂਦਾ ਹੈ। ਜਿਵੇਂ : ਖੇਤ ਹਰਿਆ, ਬ੍ਰਿਛ ਦੀ ਛਾਂ ਨਾ ਫਿਰੀ ਆਦਿ ਸਾਖੀਆਂ।

ਇਸ ਤਰ੍ਹਾਂ **ਪੁਰਾਤਨ ਜਨਮਸਾਖੀ** ਵਿਚਲਾ ਵਿਸ਼ਾ, ਇਤਿਹਾਸ ਅਤੇ ਸਾਹਿਤਿਕਤਾ ਖ਼ਾਸੇ ਮਹੱਤਵ ਦੇ ਧਾਰਨੀ ਹਨ। ਇਹ ਪੁਰਾਤਨ ਪੰਜਾਬੀ ਵਾਰਤਕ ਦਾ ਇੱਕ ਅਣਮੁੱਲਾ ਖ਼ਜਾਨਾ ਹੈ। ਜਿਸ ਵਿਚੋਂ ਗੁਰੂ ਨਾਨਕ ਦੇਵ ਜੀ ਦੇ ਨਾਇਕਤਵ ਦੇ ਨਾਲ ਨਾਲ ਸਿੱਖ ਧਰਮ ਅਤੇ ਬਾਣੀ ਦੀ ਵਿਸ਼ਵ ਦ੍ਰਿਸ਼ਟੀ ਵੀ ਉਭਰਦੀ ਹੈ।


**ਜਮਾ ਕਰਤਾ :**

**ਮਨਪ੍ਰੀਤ ਕੌਰ**

**ਪੰਜਾਬੀ ਵਿਭਾਗ**